ਵਲੋਂ

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।

ਸੇਵਾ ਵਿਖੇ,

ਨਿਗਰਾਨ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਹਲਕਾ,
ਜਲੰਧਰ।

ਨੰ. 1744 ਮਿਤੀ: 7-6-2018

ਵਿਸ਼ਾ:- ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:11.12.2017 ਨੂੰ ਜਲੰਧਰ ਸ਼ਹਿਰ ਦੇ ਕੰਮ ਚੈੱਕ ਕਰਨ ਸਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦਾ ਪਿੱਠ ਅੰਕਣ ਨੰ.488 ਮਿਤੀ:19.1.2018

ਉਪਰੋਕਤ ਵਿਸ਼ੇ ਅਧੀਨ ਸਕੀਮ ਤਹਿਤ ਕੁਆਲਟੀ ਕੰਟਰੋਲ ਟੀਮ ਵਲੋਂ ਮਿਤੀ:11.12.2017 ਨੂੰ ਕੀਤੀ ਗਈ ਇੰਨਸਪੈਕਸ਼ਨ ਦੌਰਾਨ ਕੰਮ ਵਿੱਚ ਜੋ ਖਾਮੀਆਂ/ ਤਰੁੱਟੀਆਂ ਪਾਈਆ ਗਈਆਂ ਸਨ, ਉਨ੍ਹਾਂ ਦਾ ਜੁਆਬ ਪੁਆਇੰਟ-ਵਾਈਜ਼ ਹੇਠ ਲਿਖੇ ਅਨੁਸਾਰ ਹੈ ਜੀ:-

**A. Ext. & Aug. of Sewerage Scheme under NRCP Phase-II, Jalandhar. (Agency:- M/s Gupta Sons, Ludhiana)**

1. ਨਿਊ ਸ਼ਿਵ ਨਗਰ ਸਾਹਮਣੇ ਸ਼ੇਰ-ਏ-ਪੰਜਾਬ ਰੇਲਵੇ ਲਾਈਨ ਨਾਲ ਵਾਲੀ ਗਲੀ ਵਿੱਚ ਜੋ ਮੈਨਹੋਲ ਦੀ ਕੋਪਿੰਗ ਟੁੱਟੀ ਹੋਈ ਸੀ, ਉਹ ਠੀਕ ਕਰਵਾ ਦਿੱਤੀ ਗਈ ਹੈ ਜੀ।
2. ਨਿਊ ਸ਼ਿਵ ਨਗਰ ਸਾਹਮਣੇ ਸ਼ੇਰ-ਏ-ਪੰਜਾਬ ਰੇਲਵੇ ਲਾਈਨ ਨਾਲ ਵਾਲੀ ਗਲੀ ਵਿੱਚ ਪਹਿਲੇ ਮੈਨਹੋਲ ਦੀ ਆਰ.ਸੀ.ਸੀ. ਸਲੈਬ ਸਾਈਡਾਂ ਤੋਂ ਟੁੱਟੀ ਹੋਈ ਸੀ, ਉਹ ਠੀਕ ਕਰਵਾ ਦਿੱਤੀ ਗਈ ਹੈ ਜੀ।
3. ਮੈਨਹੋਲ ਸਲੈਬ ਲੈਬੋਰੇਟਰੀ ਰਾਜ ਕਲੀਨਿਕ ਦੇ ਸਾਹਮਣੇ ਸਾਈਡਾਂ ਤੋਂ ਟੁੱਟੀ ਹੋਈ ਸੀ, ਉਹ ਠੀਕ ਕਰਵਾ ਦਿੱਤੀ ਗਈ ਹੈ ਜੀ।
4. ਇਸ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਮੈਨਹੋਲ ਦੀ ਦੀਵਾਰ ਦੀ ਰਿਪੇਅਰ ਨਗਰ ਨਿਗਮ, ਜਲੰਧਰ ਨਾਲ ਤਾਲਮੇਲ ਕਰਕੇ ਕਰਵਾ ਦਿੱਤੀ ਗਈ ਹੈ ਅਤੇ ਮੈਨਹੋਲ ਵਿੱਚੋਂ ਮਲਬਾ ਬਾਹਰ ਕੱਢਵਾ ਦਿੱਤਾ ਗਿਆ ਹੈ ਜੀ।
5. ਇਸ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਮੈਨਹੋਲ ਵਿਚਲੇ ਖੁੱਡੇ ਰਿਪੇਅਰ ਕਰਵਾ ਦਿੱਤੇ ਗਏ ਹਨ ਜੀ।
6. ਰਤਨ ਲੈਬ ਕਲੀਨਿਕ ਵਾਲੀ ਗਲੀ ਦੇ ਸਾਹਮਣੇ ਮੈਨਹੋਲ ਦੀ ਸਲੈਬ ਠੀਕ ਕਰਵਾ ਦਿੱਤੀ ਗਈ ਹੈ ਜੀ।

**B. Ext. & Aug. of Sew. Scheme under NRCP Phase-II, Jalandhar. (Agency:- M/s Ludhiana Const. Co., Ludhiana)**

1. ਮੈਨਹੋਲ ਦੇ ਕਵਰ ਨਗਰ ਨਿਗਮ, ਜਲੰਧਰ ਦੀ ਬੀ. ਐਂਡ ਆਰ. ਬਰਾਂਚ ਵਲੋਂ ਸੜਕ ਬਣਾਉਣ ਸਮੇਂ ਉੱਚੇ ਕੀਤੇ ਗਏ ਹਨ ਅਤੇ ਜੋ ਕੁਨੈਕਸ਼ਨਾਂ ਦਾ ਮਲਬਾ ਮੈਨਹੋਲ ਵਿੱਚ ਪਿਆ ਸੀ, ਉਸ ਨੂੰ ਬਾਹਰ ਕੱਢ ਕੇ ਮੈਨਹੋਲ ਦੀ ਸਫਾਈ ਕਰਵਾ ਦਿੱਤੀ ਗਈ ਹੈ ਜੀ।
2. ਮੈਨਹੋਲ ਦੇ ਕਵਰ ਨਗਰ ਨਿਗਮ, ਜਲੰਧਰ ਦੀ ਬੀ. ਐਂਡ ਆਰ. ਬਰਾਂਚ ਵਲੋਂ ਸੜਕ ਬਣਾਉਣ ਸਮੇਂ ਉੱਚੇ ਕੀਤੇ ਗਏ ਹਨ ਅਤੇ ਜੋ ਕੁਨੈਕਸ਼ਨਾਂ ਦਾ ਮਲਬਾ ਮੈਨਹੋਲ ਵਿੱਚ ਪਿਆ ਸੀ, ਉਸ ਨੂੰ ਬਾਹਰ ਕੱਢ ਕੇ ਮੈਨਹੋਲ ਦੀ ਸਫਾਈ ਕਰਵਾ ਦਿੱਤੀ ਗਈ ਹੈ ਜੀ ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਹੈ ਜੀ।

ਕਾਰਜਕਾਰੀ ਇੰਜੀਨੀਅਰ,
ਪੰਜਾਬ ਵ/ਸ ਅਤੇ ਸੀਵਰੇਜ ਮੰਡਲ ਨੰ.1,
ਜਲੰਧਰ।